15ਵੀਂ ਵਿਧਾਨ ਸਭਾ
ਸੱਤਵਾਂ ਸਮਾਗਮ

**ਪੰਜਾਬ ਵਿਧਾਨ ਸਭਾ**
**ਬੁਲੇਟਿਨ ਨੰ: 4**
**ਸ਼ੁੱਕਰਵਾਰ, 15 ਫਰਵਰੀ, 2019**
**(10.00 ਵਜੇ ਸਵੇਰ ਤੋਂ 10.49 ਵਜੇ ਸਵੇਰ ਤੱਕ)**

1. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸਦਨ 10.03 ਵਜੇ ਸਵੇਰ ਤੋਂ 10.33 ਵਜੇ ਸਵੇਰ ਤੱਕ ਅੱਧੇ ਘੰਟੇ ਲਈ ਸਥਗਿਤ ਕੀਤਾ ਗਿਆ।

2. **ਮਤਾ**

ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਵੱਲੋਂ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

> "ਇਹ ਸਦਨ ਜੈਸ਼ ਅੱਤਵਾਦੀਆਂ ਦੁਆਰਾ ਪੁਲਵਾਮਾ ਵਿੱਚ ਸੀ.ਆਰ.ਪੀ.ਐਫ਼ ਦੇ ਕਾਫਲੇ ਤੇ ਕੀਤੇ ਗਏ ਵਹਿਸ਼ੀਆਨਾ ਹਮਲੇ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਜਿਸ ਨਾਲ 41 ਬਹਾਦਰ ਜਵਾਨ ਸ਼ਹੀਦ ਹੋ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਇਨ੍ਹਾਂ ਵਿਚੋਂ ਜ਼ਿਆਦਾਤਰ ਜਵਾਨ ਆਪਣੀਆਂ ਛੁੱਟੀਆਂ ਤੋਂ ਬਾਅਦ ਭਾਰਤ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਆਪਣੀਆਂ ਡਿਊਟੀਆਂ ਜੁਆਇੰਨ ਕਰਨ ਲਈ ਵਾਪਸ ਆ ਰਹੇ ਸਨ। ਇਨ੍ਹਾਂ ਸ਼ਹੀਦਾਂ ਦਾ ਬਲੀਦਾਨ ਵਿਅਰਥ ਨਹੀਂ ਜਾਣਾ ਚਾਹੀਦਾ ਅਤੇ ਮੈਂ ਕੇਂਦਰ ਸਰਕਾਰ ਨੂੰ ਤਾਕੀਦ ਕਰਦਾ ਹਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਾਡੇ ਦੇਸ਼ ਤੇ ਕੀਤੇ ਗਏ ਇਸ ਹਮਲੇ ਦਾ ਢੁੱਕਵਾਂ ਜਵਾਬ ਦਿੱਤਾ ਜਾਵੇ। ਇਹ ਹਮਲਾ ਪਾਕਿਸਤਾਨ ਸਰਕਾਰ ਦੇ ਦੋਹਰੇ ਮਾਪਦੰਡਾਂ ਦਾ ਪਰਦਾਫਾਸ਼ ਕਰਦਾ ਹੈ, ਜੋ ਕਿ ਇਕ ਪਾਸੇ ਤਾਂ ਸ਼ਾਂਤੀ ਦੀ ਗੱਲ ਕਰਦਾ ਹੈ ਅਤੇ ਦੂਜੇ ਪਾਸੇ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਇਨ੍ਹਾਂ ਅੱਤਵਾਦੀ ਜੱਥੇਬੰਦੀਆਂ ਦੀ ਮਦਦ ਬੜੀ ਸਰਗਰਮੀ ਨਾਲ ਕਰ ਰਿਹਾ ਹੈ। ਅਸੀਂ ਇਸ ਦੁੱਖ ਦੀ ਘੜੀ ਵਿੱਚ ਇਨ੍ਹਾਂ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ ਅਤੇ ਸਾਨੂੰ ਉਨ੍ਹਾਂ ਨਾਲ ਦਿਲੀ ਹਮਦਰਦੀ ਹੈ।"

ਮਤਾ ਪੇਸ਼ ਕਰਦੇ ਹੋਏ ਮੁੱਖ ਮੰਤਰੀ 10 ਮਿੰਟ ਲਈ ਬੋਲੇ।

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਅਕਾਲੀ ਦਲ | 02 ਮਿੰਟ |
| 2. | ਸਰਦਾਰ ਹਰਪਾਲ ਸਿੰਘ ਚੀਮਾ, ਵਿਰੋਧੀ ਧਿਰ ਦੇ ਨੇਤਾ | 01 ਮਿੰਟ |

3. **ਅਕਾਲ ਚਲਾਣਿਆਂ ਦਾ ਵਰਣਨ**

ਮਾਨਯੋਗ ਸਪੀਕਰ ਵੱਲੋਂ ਪੁਲਵਾਮਾ, ਸ਼੍ਰੀਨਗਰ ਵਿਖੇ ਹੋਏ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਸੀ.ਆਰ.ਪੀ.ਐਫ ਦੇ ਬਹਾਦਰ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਅਜਿਹਾ ਕਰਦੇ ਹੋਏ ਉਹ ਦੋ ਮਿੰਟ ਲਈ ਬੋਲੇ। ਉਨ੍ਹਾਂ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਸ਼ਹੀਦ ਜਵਾਨਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹਾ ਭੇਜ ਦਿੱਤਾ ਜਾਵੇਗਾ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੌਨ ਧਾਰਨ ਕੀਤਾ।

ਇਸ ਉਪਰੰਤ ਸਦਨ ਸੋਮਵਾਰ, ਮਿਤੀ 18 ਫਰਵਰੀ, 2019 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ:**
**15 ਫਰਵਰੀ, 2019**

**ਸ਼ਸ਼ੀ ਲਖਨਪਾਲ ਮਿਸ਼ਰਾ**
**ਸਕੱਤਰ।**

Jaswinder Singh
Chief Reporter
Punjab Vidhan Sabha Sectt.
Chandigarh